ਵਿਸ਼ਾ:- 55-ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀ ਤੋਂ 12ਵੀ ਕਲਾਸ ਤੱਕ) ਨੂੰ ਇਨਾਮ ਦੇਣ ਦੀ ਸਕੀਮ ਵਿੱਤੀ ਸਾਲ 2016-17 ਦੀ ਪ੍ਰਪੋਜਲ ਸਬੰਧੀ ਹਦਾਇਤਾਂ।

ਇਸ ਸਕੀਮ ਅਧੀਨ ਹਰ ਇੱਕ ਵਿਦਿਅਕ ਬਲਾਕ ਪੱਧਰ ਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ ਜਿਹੜੇ ਖੇਡਾਂ ਵਿੱਚ ਅੱਛੀ ਯੋਗਤਾ ਰੱਖਦੇ ਹਨ , ਉਹਨਾ ਨੂੰ ਪ੍ਰਾਇਮਰੀ , ਮਿਡਲ ਅਤੇ ਹਾਇਰ ਪੱਧਰ ਤੇ 3 ਲੜਕੇ ਅਤੇ 3 ਲੜਕੀਆ ਨੂੰ ਪਹਿਲੀਆਂ 3 ਪੁਜੀਸਨਾਂ ਪ੍ਰਾਪਤ ਕਰਨ ਲਈ ਵਜੀਫਾ ਦਿੱਤਾ ਜਾਣਾ ਹੈ। ਇਸ ਸਕੀਮ ਤਹਿਤ ਜਿਹੜੇ ਖਿਡਾਰੀ ਵਿਦਿਆਰਥੀ 5ਵੀਂ ਕਲਾਸ ਵਿੱਚ ਵਿਦਿਅਕ ਬਲਾਕ ਪੱਧਰ ਤੇ ਖੇਡਦੇ ਹਨ , ਉਹਨਾਂ ਨੂੰ 3 ਸਾਲ(6ਵੀਂ ਤੋਂ 8ਵੀਂ ਕਲਾਸ ਵਿੱਚ) 500 ਰੁ: ਸਾਲਾਨਾ ਅਤੇ ਜਿਹਤੇ 8ਵੀਂ ਕਲਾਸ ਵਿੱਚ ਖੇਡਦੇ ਹਨ ਉਹਨਾਂ ਨੂੰ 2 ਸਾਲ(9ਵੀਂ ਅਤੇ 10ਵੀਂ ਕਲਾਸ ਵਿੱਚ) 750 ਰੁ: ਸਾਲਾਨਾ ਅਤੇ ਜਿਹੜੇ 10ਵੀਂ ਕਲਾਸ ਵਿੱਚ ਖੇਡਦੇ ਹਨ ਉਹਨਾ ਨੂੰ 2 ਸਾਲ (11ਵੀਂ ਅਤੇ 12ਵੀਂ ਕਲਾਸ ਲਈ) 1000 ਰੁ: ਸਾਲਾਨਾ ਵਜੀਫੇ ਦੀ ਰਾਸੀ ਦਿੱਤੀ ਜਾਣੀ ਹੈ।

ਭਾਵ ਇਹ ਕਿ ਜਿਹੜੇ ਬੱਚੇ, 5ਵੀਂ,8ਵੀਂ,10ਵੀਂ ਜਮਾਤ ਵਿੱਚ ਬਲਾਕ ਪੱਧਰ ਤੇ ਖੇਡਦੇ ਹਨ ਉਹਨਾਂ ਨੂੰ 6ਵੀਂ , 9ਵੀਂ ਅਤੇ 11ਵੀਂ ਕਲਾਸ ਲਈ ਵਜੀਫਾ ਦੇਣਾ ਹੈ ਅਤੇ ਪ੍ਰੋਫਾਰਮੇ ਵਿੱਚ ਨਿਊ ਲਿਖ ਕੇ ਦਰਸਾਉਣਾ ਹੈ ਅਤੇ ਪਿਛਲੇ ਸਾਲਾਂ ਦੇ ਇਹਨਾਂ ਕਲਾਸਾਂ ਦੇ ਬੱਚਿਆ ਨੂੰ ਹੀ ਅਗਲੀ ਜਮਾਤ ਲਈ ਰੀਨਿਊ ਕਰਕੇ ਵਜੀਫਾ ਉਪਰੋਕਤ ਦਰਸਾਏ ਰੇਟ ਅਨੁਸਾਰ ਹੀ ਦਿੱਤਾ ਜਾਣਾ ਹੈ।

ਸੰਖੇਪ ਵਿੱਚ:-

ਪ੍ਰਾਇਮਰੀ ਪੱਧਰ=5ਵੀਂ ਕਲਾਸ ਵਿੱਚ ਖੇਡਣ ਵਾਲੇ ਵਿਦਿਆਰਥੀ (6ਵੀਂ ,7ਵੀਂ ਅਤੇ 8ਵੀਂ ਲਈ = 500 ਰੁ: ਸਾਲਾਨਾ)
ਮਿਡਲ ਪੱਧਰ =8ਵੀਂ ਕਲਾਸ ਵਿੱਚ ਖੇਡਣ ਵਾਲੇ ਵਿਦਿਆਰਥੀ (9ਵੀਂ, ਅਤੇ 10ਵੀਂ ਲਈ = 750 ਰੁ: ਸਾਲਾਨਾ)
ਹਾਇਰ ਸੈਕੰਡਰੀ=10ਵੀਂ ਕਲਾਸ ਵਿੱਚ ਖੇਡਣ ਵਾਲੇ ਵਿਦਿਆਰਥੀ (11ਵੀਂ ਅਤੇ 12ਵੀਂ ਲਈ= 1000 ਰੁ: ਸਾਲਾਨਾ)

ਇੱਥੇ ਇਹ ਦੱਸਣਾ ਜਰੂਰੀ ਹੈ ਕਿ ਜੇਕਰ ਕੋਈ ਵਿਦਿਆਰਥੀ ਇਸ ਦੌਰਾਨ ਫੇਲ ਹੋ ਜਾਂਦਾ ਹੈ ਤਾਂ ਉਸ ਨੂੰ ਅਗਲੀ ਜਮਾਤ ਲਈ ਵਜੀਫਾ ਨਹੀ ਮਿਲੇਗਾ।

ਜਿਹਨਾਂ ਖੇਡਾ ਨੂੰ ਇਸ ਸਕੀਮ ਤਹਿਤ ਸਾਮਿਲ ਕੀਤਾ ਗਿਆ ਹੈ ਉਹ ਇਸ ਤਰ੍ਹਾਂ ਹਨ:-

ਕਬੱਡੀ, ਖੋ-ਖੋ, ਐਥਲੈਟਿਕਸ ,( ਹਾਈਜੰਪ, ਲੌਗਜੰਪ,100 ਮੀਟਰ ਸਪਰਿੰਟ , 400 ਮੀਟਰ ਸਪਰਿੰਟ), ਜਿਮਨਾਸਟਿਕ

Scanned with CamScanner